# ਕਹਾਣੀ- ਲੂੰਬੜੀ ਤੇ ਅੰਗੂਰ

ਤਿਆਰ ਕਰਤਾ-ਰਜਵੰਤ ਕੌਰ ਪੰਜਾਬੀ ਮਿਸਟ੍ਰੈੱਸ
ਸ.ਸ.ਸ.ਸ. ਮਾੜੀ ਬੁੱਚਿਆਂ ਗੁਰਦਾਸਪੁਰ

ਇੱਕ ਲੂੰਬੜੀ ਨੂੰ ਬਹੁਤ ਭੁੱਖ ਲੱਗੀ ਸੀ।ਉਹ ਖ਼ੁਰਾਕ ਦੀ ਭਾਲ ਵਿਚ ਬਹੁਤ ਦੂਰ ਨਿਕਲ ਗਈ।ਉਹ ਇੱਕ ਛਾਂ ਵਾਲੇ ਦਰੱਖ਼ਤ ਹੇਠ ਪੁੱਜੀ।ਲੂੰਬੜੀ ਦਰੱਖ਼ਤ ਦੀ ਛਾਂ ਹੇਠ ਲੰਮੀ ਪੈ ਗਈ।



ਇੰਨੇ ਨੂੰ ਲੂੰਬੜੀ ਦੀ ਨਿਗਾਹ ਉੱਪਰ ਪਈ। ਉਸ ਨੇ ਦੇਖਿਆ ਕਿ ਅੰਗੂਰਾਂ ਦੀ ਵੇਲ ਨਾਲ਼ ਪੱਕੇ ਹੋਏ ਅੰਗੂਰਾਂ ਦੇ ਗੁੱਛੇ ਲਮਕ ਰਹੇ ਹਨ।ਉਸ ਨੇ ਉੱਛਲ ਕੇ ਅੰਗੂਰ ਤੋੜਨ ਦੀ ਕੋਸ਼ਿਸ਼ ਕੀਤੀ,ਪਰ ਅੰਗੂਰ ਬਹੁਤ ਉੱਚੇ ਸਨ। ਉਸ ਨੇ ਵਾਰ-ਵਾਰ ਛਾਂਲਾਂ ਮਾਰੀਆਂ,ਪਰ ਵਿਅਰਥ।ਅਖ਼ੀਰ ਉਹ ਇਹ ਕਹਿੰਦੀ ਹੋਈ ਅੱਗੇ ਤੁਰ ਪਈ "ਅੰਗੂਰ ਖੱਟੇ ਹਨ।"

ਸਿੱਖਿਆ- ਦਾਖੇ ਹੱਥ ਨਾ ਅੱਪੜੇ,ਆਖੇ ਥੂਹ ਕੌੜੀ